# ਦਫਤਰ ਜਿਲ੍ਹਾ ਮੈਜਿਸਟਰੇਟ, ਪਟਿਆਲਾ।

(ਫੁਟਕਲ ਸ਼ਾਖਾ)

ਅਪੀਲ

ਪੰਜਾਬ ਰਾਜ ਵਿੱਚ ਕੋਵਿਡ-19 ਦੇ ਜੀਵਾਣੂ ਤੋਂ ਬੀਮਾਰੀ ਫੈਲਣ ਨੂੰ ਕੰਟਰੋਲ ਕਰਨ ਸਬੰਧੀ ਨਿਮਨਹਸਤਾਖਰ ਵੱਲੋ ਹੁਕਮ ਨੰਬਰ 1447/ਐਮ.2 ਮਿਤੀ 23/03/2020 ਰਾਹੀਂ ਅਗਲੇ ਹੁਕਮਾਂ ਤੱਕ ਜਿਲ੍ਹਾ ਪਟਿਆਲਾ ਵਿੱਚ ਕਰਫਿਊ ਲਗਾਇਆ ਗਿਆ ਹੈ। ਇਸ ਬਿਮਾਰੀ ਨੂੰ ਫੈਲਣ ਤੇ ਰੋਕਣ ਲਈ ਸਰਕਾਰ ਵੱਲੋ ਪੱਤਰ ਮਿਤੀ 05/03/2020 ਰਾਹੀਂ Epidemic Disease Act, 1897 ਅਧੀਨ ਰੈਗੂਲੇਸ਼ਨ ਜਾਰੀ ਕੀਤੇ ਗਏ ਹਨ।

**ਇਸ ਦਫਤਰ ਦੇ ਪੱਤਰ ਨੰਬਰ: 1924-1934/ਐਮ.2 ਮਿਤੀ: 27.03.2020 ਰਾਹੀਂ ਦੂਜੇ ਰਾਜਾਂ ਤੋਂ ਕੰਮ ਕਰਨ ਲਈ ਆਈ ਲੇਬਰ ਦੇ ਸਬੰਧ ਵਿੱਚ ਜਾਰੀ ਹੁਕਮਾਂ ਦੀ ਸੋਧ ਵਿੱਚ ਲਿਖਿਆ ਜਾਂਦਾ ਹੈ ਕਿ ਸਮੂਹ ਉਦਯੋਗਿਕ ਇਕਾਈਆਂ ਦੇ ਮਾਲਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਕਰਫਿਊ ਦੋਰਾਨ ਜਿਲ੍ਹਾ ਪਟਿਆਲਾ ਦੀਆਂ ਫੈਕਟਰੀਆਂ/ਉਦਯੋਗਿਕ ਇਕਾਈਆਂ ਵਿੱਚ ਕੰਮ ਕਰ ਰਹੇ ਕਿਸੇ ਵੀ ਪ੍ਰਕਾਰ ਦੇ ਕਾਮੇ/ਲੇਬਰ ਨੂੰ Quarantine ਕੀਤਾ ਜਾਵੇ ਅਤੇ ਇਸ ਕਰਫਿਊ ਦੀ ਸਮਾਪਤੀ ਤਕ ਆਪ ਦੇ ਅਦਾਰੇ ਦੇ ਸਮੂਹ ਕਾਮਿਆਂ/ਲੇਬਰ ਦੇ ਖਾਣ ਪੀਣ, ਰਹਿਣ ਸਹਿਣ ਅਤੇ ਮੁੱਢਲੀ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇ।**

ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਭਾਰਤ ਸਰਕਾਰ, ਪੰਜਾਬ ਸਰਕਾਰ ਅਤੇ ਇਸ ਦਫਤਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਪਾਲਣਾ ਦੇ ਨਾਲ ਨਾਲ ਘੱਟ ਤੋਂ ਘੱਟ 1.50 ਤੋਂ 2.00 ਮੀਟਰ ਦੀ ਸਮਾਜਿਕ ਦੂਰੀ ਬਣਾ ਕੇ ਰੱਖਣਗੇ, ਮਾਸਕ ਦੀ ਵਰਤੋਂ ਕਰਨਗੇ ਅਤੇ ਆਪ ਤੇ ਆਪਣੇ ਅਦਾਰਿਆਂ ਨੂੰ ਸੈਨੀਟਾਈਜ਼ ਕਰਨਾ ਯਕੀਨੀ ਬਣਾਉਣਗੇ। ਕਿਸੇ ਵੀ ਹਾਲਤ ਵਿੱਚ 10 ਤੋਂ ਜਿਆਦਾ ਵਿਅਕਤੀਆਂ ਦਾ ਇਕੱਠ ਨਾ ਹੋਣ ਦਿੱਤਾ ਜਾਵੇ।

ਇਹ ਅਪੀਲ ਜਿਲ੍ਹਾ ਪਟਿਆਲਾ ਦੀਆਂ ਹੱਦਾ ਅੰਦਰ ਸਥਿਤ ਉਦਯੋਗਿਕ ਇਕਾਈਆਂ ਲਈ ਹੈ।

ਸਹੀ/

ਜਿਲ੍ਹਾ ਮੈਜਿਸਟਰੇਟ,

ਪਟਿਆਲਾ।

ਪਿ:ਅੰ:ਨੰਬਰ..1973–89../ਐਮ.-2 ਮਿਤੀ 28.03.2020

ਉਪਰੋਕਤ ਦਾ ਇਕ ਉਤਾਰਾ:

1. ਕਮਿਸ਼ਨਰ ਨਗਰ ਨਿਗਮ, ਪਟਿਆਲਾ।
2. ਸੀਨੀਅਰ ਕਪਤਾਨ ਪੁਲਿਸ, ਪਟਿਆਲਾ।
3. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਟਿਆਲਾ।
4. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਪਟਿਆਲਾ।
5. ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ।
6. ਸਿਵਲ ਸਰਜਨ ਪਟਿਆਲਾ।
7. ਜਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ, ਪਟਿਆਲਾ।
8. ਕਾਰਜਕਾਰੀ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ।
9. ਜਨਰਲ ਮੈਨੇਜਰ, ਜਿਲ੍ਹਾ ਉਦਯੋਗ ਕੇਂਦਰ ਪਟਿਆਲਾ ਪਾਸ ਸੂਚਨਾ ਅਤੇ ਪਾਲਣਾ ਹਿੱਤ।
10. ਸਹਾਇਕ ਡਾਇਰੈਕਟਰ, ਫੈਕਟਰੀਜ਼ ਪਟਿਆਲਾ ਪਾਸ ਸੂਚਨਾ ਅਤੇ ਪਾਲਣਾ ਹਿੱਤ।
11. ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਪਾਸ ਸੂਚਨਾ ਅਤੇ ਪਾਲਣਾ ਹਿੱਤ।
12. ਸਕੱਤਰ, ਆਰ.ਟੀ.ਏ ਪਟਿਆਲਾ ਪਾਸ ਸੂਚਨਾ ਤੇ ਪਾਲਣਾ ਹਿੱਤ।
13. ਜਿਲ੍ਹਾ ਲੋਕ ਸੰਪਰਕ ਅਫਸਰ, ਪਟਿਆਲਾ।
14. ਪੀ.ਏ. ਟੂ ਡੀ.ਐਮ./ ਸਟੈਨੋ ਟੂ ਏ.ਡੀ.ਐਮ./ ਏ.ਸੀ. (ਜ)/ ਏ.ਸੀ. (ਸਿ:) ਪਟਿਆਲਾ

ਜ਼ਿਲ੍ਹਾ ਮੈਜਿਸਟਰੇਟ ਪਟਿਆਲਾ

28/3

ਵਾ: ਜਿਲ੍ਹਾ ਮੈਜਿਸਟਰੇਟ,

ਪਟਿਆਲਾ।

Scanned with CamScanner

Scanned with CamScanner